# ਵਿਸ਼ਾ: ਸਮਾਜ ਸ਼ਾਸਤਰ

## ਸ਼੍ਰੇਣੀ ਬਾਰ੍ਹਵੀਂ

**(2025-26)**

**ਸ਼ਮਾ ਘੰਟੇ 3** **ਕੁੱਲ ਅੰਕ 80**

1. ਪ੍ਰਸ਼ਨ ਪੱਤਰ 5 ਭਾਗਾਂ ਵਿੱਚ ਵੰਡਿਆਂ ਗਿਆ ਹੈ। (ੳ, ਅ, ੲ, ਸ, ਹ)
2. ਭਾਗ-ੳ ਪ੍ਰਸ਼ਨ ਨੰਬਰ 1 ਦੇ 10 ਉਪਭਾਗ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ।
3. ਭਾਗ-ਅ ਪ੍ਰਸ਼ਨ ਨੰਬਰ 2 ਦੇ 10 ਉਪਭਾਗ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ।
4. ਭਾਗ-ੲ ਪ੍ਰਸ਼ਨ ਨੰਬਰ 3 ਵਿੱਚ ਸਰੋਤ ਆਧਾਰਿਤ / ਕੇਸ ਸਟੱਡੀ ਆਧਾਰਿਤ ਦੋ ਉਪਭਾਗ ਹਨ। ਹਰ ਉਪਭਾਗ ਵਿੱਚ 6 ਪ੍ਰਸ਼ਨ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ।
5. ਭਾਗ-ਸ ਪ੍ਰਸ਼ਨ ਨੰਬਰ 4 ਵਿੱਚ 9 ਪ੍ਰਸ਼ਨ ਹਨ ਕੋਈ 6 ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦੇਣਾ ਹੈ। ਹਰੇਕ ਪ੍ਰਸ਼ਨ 4 ਅੰਕ ਦਾ ਹੈ।
6. ਭਾਗ-ਹ ਪ੍ਰਸ਼ਨ ਨੰਬਰ 5 ਵਿੱਚ 6 ਪ੍ਰਸ਼ਨ ਹਨ ਕੋਈ 4 ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 125-150 ਸ਼ਬਦਾਂ ਵਿੱਚ ਦੇਣਾ ਹੈ। ਹਰੇਕ ਪ੍ਰਸ਼ਨ 6 ਅੰਕ ਦਾ ਹੈ।

### ਭਾਗ(ੳ)

**1. ਬਹੁਵਿਕਲਪੀ ਪ੍ਰਸ਼ਨ** **10x1=10**

1.ਵਿਆਹ ਦਾ ਨਿਯਮ ਜਿਸ ਵਿੱਚ ਸਾਥੀ ਦੀ ਚੋਣ ਸਹਿ ਸਮੂਹ ਵਿੱਚੋਂ ਹੁੰਦੀ ਹੈ

ੳ) ਅੰਤਰ ਵਿਆਹ ਅ) ਅੰਤਰ ਵਿਆਹ

ੲ) ਸਮੂਹ ਵਿਆਹ ਸ) ਇਕਾਂਕੀ ਵਿਆਹ

2.ਹੇਠ ਲਿਖਿਆਂ ਵਿੱਚੋਂ ਕਿਸ ਨੇ ਕਿਹਾ ਹੈ ਕਿ ਆਧੁਨਿਕੀਕਰਨ ਯੰਤਰਿਕ ਏਕਤਾ ਤੋਂ ਸਜੀਵ ਏਕਤਾ ਵੱਲ ਵੱਧਦੀ ਹੈ

ੳ) ਮੈਕਸ ਵੈਬਰ ਅ) ਹਰਬਟ ਸਪੈਂਸਰ

ੲ) ਕਾਰਲ ਮਾਰਕਸ ਸ) ਦੁਰਖਾਈਮ

3.ਪੰਜਾਬ ਵਿੱਚ ਸਭ ਤੋਂ ਘੱਟ ਲਿੰਗ ਅਨੁਪਾਤ ਕਿਹੜੇ ਜ਼ਿਲ੍ਹੇ ਵਿੱਚ ਹੈ

ੳ)ਫਿਰੋਜ਼ਪੁਰ ਅ) ਹੁਸ਼ਿਆਰਪੁਰ

ੲ) ਲੁਧਿਆਣਾ ਸ) ਬਠਿੰਡਾ

4.ਨਿਮਨ ਲਿਖਿਤ ਵਿੱਚ ਸ਼ਰਾਬੀਆਂ ਦੇ ਵਰਗੀਕਰਨ ਦੀ  ਵੰਡ ਨਹੀਂ

ੳ) ਘੱਟ ਪੀਣ ਵਾਲੇ

ਅ) ਬਹੁਤ ਘੱਟ ਪੀਣ ਵਾਲੇ

ੲ) ਕਦੀ ਕਦੀ ਪੀਣ ਵਾਲੇ

ਸ) ਕੋਈ ਵੀ ਨਹੀਂ

5.ਸ਼ਬਦ "ਅੰਨਤਿਯਾਜ "ਕੀ ਦਰਸਾਉਂਦਾ ਹੈ

ੳ) ਛੋਹਣ ਯੋਗ ਸ਼ੂਦਰ

ਅ) ਅਛੂਤ ਸ਼ੂਦਰ

ੲ) ਖੇਤੀ ਯੋਗ ਜਮੀਨ ਤੋਂ ਬਿਨਾਂ ਕਿਸਾਨ

ਸ) ਕਬੀਲੇ

6.ਆਪਣੇ ਆਪ ਵਿੱਚ ਵਰਗ ਅਤੇ ਆਪਣੇ ਆਪ ਲਈ ਵਰਗ ਦੀ ਧਾਰਨਾ ਕਿਸ ਨੇ ਦਿੱਤੀ

ੳ) ਮਾਰਕਸ

ਅ) ਵੈਬਰ

ੲ) ਹਰਬਟ ਸਪੈਂਸਰਰ

ਸ) ਕੋਈ ਵੀ ਨਹੀਂ

7.ਪੱਛਮੀਕਰਨ ਦਾ ਵਿਕਾਸ ਕਦੋਂ ਤੋਂ ਦੇਖਿਆ ਜਾ ਸਕਦਾ ਹੈ।

ੳ) ਅੰਗਰੇਜ਼ਾਂ ਦਾ ਕਾਲ

ਅ) ਉੱਤਰ ਕਾਲੀਨ

ੲ) ਵੈਦਿਕ ਯੁੱਗ

ਸ)ਮੁਗਲ ਕਾਲ

8.ਦੁਨੀਆਂ ਦੇ ਦੇਸ਼ਾਂ ਵਿੱਚ ਆਰਥਿਕ ਨਿਰਭਰਤਾ ਦਾ ਵਧਣਾ ਅਤੇ ਸੀਮਾ ਪਾਰ ਚੀਜ਼ਾਂ ਦੇ ਲੈਣ ਦੇਣ ਅਤੇ ਅੰਤਰਰਾਸ਼ਟਰੀ ਨਿਵੇਸ਼ ਦਾ ਨਿਵੇਸ਼_____.

ੳ) ਆਧੁਨਿਕੀਕਰਨ

ਅ) ਸੰਸਕ੍ਰਿਤੀਕਰਨ

ੲ) ਪੱਛਮੀਕਰਨ

ਸ) ਵਿਸ਼ਵੀਕਰਨ

9.ਉਹ ਕਾਨੂੰਨ ਜਿਸ ਦੇ ਅਧੀਨ ਲੜਕੀ ਨੂੰ ਆਪਣੇ ਮਾਤਾ-ਪਿਤਾ ਤੇ ਜਾਇਦਾਦ ਵਿੱਚ ਬਰਾਬਰ ਹੱਕ ਹੈ

ੳ) ਨਾਗਰਿਕ ਅਧਿਅਨੀਅਮ

ਅ) ਕਾਨੂੰਨੀ ਅਧਿਅਨੀਅਮ

ੲ) ਦੈਵਿਕ  ਅਧਿਅਨੀਅਮ

ਸ) ਹਿੰਦੂ ਜਾਇਦਾਦ ਅਧਿਅਨੀਅਮ

10 ਬੇਘਰ ਹੋਣ ਦਾ ਕਾਰਨ

ੳ)ਆਤਮ ਨਿਰਭਰ

ਅ) ਵਿਕਾਸ

ੲ) ਮਕਾਨਾਂ ਦੀ ਕਮੀ

ਸ) ਮੰਡੀ ਦੁਆਰਾ ਪ੍ਰਭਾਵ

ਭਾਗ-(ਅ)

**2) ਇਸ ਭਾਗ ਵਿੱਚ ਦਸ ਉਪ ਪ੍ਰਸ਼ਨ ਹਨ ਅਤੇ ਹਰ ਪ੍ਰਸ਼ਨ ਦਾ ਇੱਕ ਅੰਕ ਹੈ** **10 x 1 = 10**

**ਸਹੀ ਮਿਲਾਨ ਕਰੋ**

| A | B |
|---|---|
| 1. ਆਹਮਣੇ ਸਾਹਮਣੇ ਦੇ ਸਬੰਧ | ਕਰਜਦਾਰੀ |
| 2. ਬ੍ਰਾਹਮਣ | ਗਹਿਰੇ ਸੰਬੰਧ |
| 3. ਆਪਣੇ ਸਮੂਹ ਵਿੱਚ ਵਿਆਹ | ਧਾਰਮਿਕ ਰਸਮਾਂ ਤੇ ਰਿਵਾਜ ਨੂੰ ਨਿਭਾਉਣਾ |
| 4. ਮੁਕੱਦਮੇਬਾਜੀ | ਅੰਤਰ ਵਿਆਹ |

**ਖਾਲੀ ਥਾਵਾਂ ਭਰੋ**

5. ਸੇਵਾ (SEWA) ਅੰਦੋਲਨ ਸ਼ਬਦ ਦਾ ਪੂਰਨ ਰੂਪ __ ਹੈ।
6. __ਧਾਰਨਾ ਸਮਾਜ ਦੁਆਰਾ ਨਿਰਮਿਤ ਪ੍ਰਕ੍ਰਿਆ ਹੈ ।
7. ___ਅੰਦੋਲਨ ਉਹ ਹੁੰਦੇ ਹਨ ਜਿਹੜੇ ਕਿ ਮੌਜੂਦਾ ਸਮਾਜਿਕ ਵਿਵਸਥਾ ਤੋਂ ਸੰਤੁਸ਼ਟ ਹੁੰਦੇ ਹਨ ਪਰ ਸਮਾਜ ਦੇ ਕੁਝ ਹਿੱਸਿਆਂ ਦੇ ਵਿੱਚ ਪਰਿਵਰਤਨ ਲਿਆਉਣ ਦੀ ਕੋਸ਼ਿਸ਼ਾਂ ਕਰਦੇ ਹਨ।

**ਸਹੀ ਗਲਤ**

8. ਨਵੇਂ ਵਿਆਹੇ ਜੋੜੇ ਨੂੰ ਸਮਝਣਾ ਚਾਹੀਦਾ ਹੈ ਕਿ ਛੋਟੇ ਪਰਿਵਾਰ ਵਿੱਚ ਕੇਵਲ ਲੜਕੀਆਂ ਦਾ ਹੋਣਾ ਜਰੂਰੀ ਨਹੀਂ ਹੈ।
9. ਲਿੰਗ ਵਰਗ ਸਮਾਜਿਕ ਕਰਨ ਨੇ ਵਿਅਕਤੀ ਦੇ ਅਧੀਨਤਾ ਨੂੰ ਸੰਸਥਾਗਤ ਕੀਤਾ ਹੈ।
10. ਸਮਾਜਿਕ ਵਰਗ ਖੁੱਲੇ ਸਮੂਹ ਹਨ।

ਭਾਗ- (ੲ) **6 x 2 = 12**

**3. ਹੇਠਾਂ ਦਿੱਤੇ ਸਰੋਤ ਨੂੰ ਪੜ੍ਹੋ ਅਤੇ ਦਿੱਤੇ ਗਏ ਸਵਾਲਾਂ ਦੇ ਜਵਾਬ ਦਿਓ:** (6 x 1=6 ਅੰਕ)

A) ਰੈਫਰੈਂਸ ਗਰੁੱਪ ਦੀ ਧਾਰਨਾ 1942 ਵਿੱਚ ਹਰਬਰਟ ਹਾਈਮਨ ਦੁਆਰਾ ਦਿੱਤੀ ਗਈ ਸੀ। ਰੈਫਰੈਂਸ ਗਰੁੱਪ ਦਾ ਅਰਥ ਹੈ ਇੱਕਸਮੂਹ ਜਿਸ ਨਾਲ ਅਸੀਂ ਆਪਣੀ ਤੁਲਨਾ ਕਰਦੇ ਹਾਂ। ਉਹ ਸਮੂਹ ਮਾਪਦੰਡ ਬਣ ਜਾਂਦਾ ਹੈ ਜਿਸਦੇ ਅਨੁਸਾਰ ਇੱਕਆਪਣੀ ਰਾਏ, ਵਿਵਹਾਰ, ਰਵੱਈਆ ਅਤੇ ਵਿਸ਼ਵਾਸਾਂ ਨੂੰ ਬਦਲਣਾ ਸ਼ੁਰੂ ਕਰਦਾ ਹੈ। ਉਦਾਹਰਣ ਵਜੋਂ, ਰਾਮ ਇੱਕ ਕਲਾਸ ਵਿੱਚ ਔਸਤ ਤੋਂ ਘੱਟਵਿਦਿਆਰਥੀ ਹੈ। ਉਹ ਆਪਣੀ ਕਲਾਸ ਵਿੱਚ ਬੁੱਧੀਮਾਨ ਵਿਦਿਆਰਥੀਆਂ ਦੇ ਸਮੂਹ ਤੋਂ ਪ੍ਰੇਰਿਤ ਹੋਇਆ ਅਤੇ ਆਪਣੇ ਆਪ ਨੂੰ ਸੁਧਾਰਨ ਦਾ ਫੈਸਲਾ ਕੀਤਾ। ਉੱਥੇ ਤੋਂ ਬਾਅਦ ਉਹ ਉਨ੍ਹਾਂ ਦੇ ਵਿਲੱਖਣ ਗੁਣਾਂ, ਵਿਵਹਾਰ ਅਤੇ ਦਿਸ਼ਾਵਾਂ ਨੂੰ ਦੇਖਣਾ ਸ਼ੁਰੂ ਕਰਦਾ ਹੈ।ਆਪਣੇ ਆਪ ਨੂੰ ਉਨ੍ਹਾਂ ਨੂੰ ਆਪਣਾ ਰੈਫਰੈਂਸ ਗਰੁੱਪ ਬਣਾਉਂਦਾ ਹੈ। ਉਹ ਸਮੇਂ ਦਾ ਪਾਬੰਦ, ਅਨੁਸ਼ਾਸਿਤ ਅਤੇ ਆਪਣੇਅਧਿਐਨ

ਵਿੱਚ ਸੁਧਾਰਿਆ ਜਾਂਦਾ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ, ਅਸੀਂ ਬਹੁਤ ਸਾਰੇ ਰੈਫਰੈਂਸ ਗਰੁੱਪਾਂ 'ਤੇ ਨਿਰਭਰ ਕਰਦੇ ਹਾਂ। ਇਹ ਪਰਿਵਾਰ, ਸਾਥੀ ਸਮੂਹ,ਅਦਾਕਾਰ ਆਦਿ ਹੋ ਸਕਦਾ ਹੈ।

1. ਰੈਫਰੈਂਸ ਗਰੁੱਪ ਦੀ ਧਾਰਨਾ ਕਿਸਨੇ ਦਿੱਤੀ?

2. ਰੈਫਰੈਂਸ ਗਰੁੱਪ ਦੁਆਰਾ ਤੁਸੀਂ ਕੀ ਸਮਝਦੇ ਹੋ?

3. ਪੈਰੇ ਵਿੱਚ ਦੱਸੇ ਗਏ ਕੋਈ ਵੀ ਦੋ ਰੈਫਰੈਂਸ ਗਰੁੱਪ ਲਿਖੋ।

4. ਰਾਮ ਸਮੇਂ ਦੇ ਪਾਬੰਦ, ਅਨੁਸ਼ਾਸਿਤ ਅਤੇ ਆਪਣੀ ਪੜ੍ਹਾਈ ਵਿੱਚ ਸੁਧਾਰ ਕਰਦਾ ਹੈ। ਤੁਹਾਡੇ ਖਿਆਲ ਵਿੱਚ ਰਾਮ ਦਾ

ਸੰਦਰਭ ਸਮੂਹ ਕਿਸਨੂੰ ਕਿਹਾ ਜਾਂਦਾ ਹੈ?

5.__ ਸਮੂਹ ਇੱਕ ਮਾਪਦੰਡ ਬਣ ਜਾਂਦਾ ਹੈ ਜਿਸਦੇ ਅਨੁਸਾਰ ਕੋਈ ਆਪਣੀ ਰਾਏ,

ਵਿਵਹਾਰ, ਰਵੱਈਆ ਅਤੇ ਵਿਸ਼ਵਾਸਾਂ ਨੂੰ ਬਦਲਣਾ ਸ਼ੁਰੂ ਕਰਦਾ ਹੈ।

6. ਹਰੇਕ ਵਿਅਕਤੀ ਦਾ ਇੱਕ ਸੰਦਰਭ ਸਮੂਹ ਹੁੰਦਾ ਹੈ ਕਿਉਂਕਿ ਉਹ ਚਾਹੁੰਦਾਹੈ________

(B) **ਹੇਠਾਂ ਦਿੱਤੇ ਸਰੋਤ ਨੂੰ ਪੜ੍ਹੋ ਅਤੇ ਦਿੱਤੇ ਗਏ ਸਵਾਲਾਂ ਦੇ ਜਵਾਬ ਦਿਓ:** (6 x 1 = 6ਅੰਕ )

ਹਰਮਨ, ਰਾਜੂ, ਆਰਤੀ ਅਤੇ ਬਲਜੀਤ ਇੱਕ ਸਕੂਲ ਵਿੱਚ ਇੱਕਠੇ ਪੜਦੇ ਹਨ। ਜਿੱਥੇ ਹਰਮਨ ਰਹਿੰਦਾ ਹੈ ਉਥੇ ਜਨਸੰਖਿਆ ਘਣਤਾ ਬਹੁਤ ਘੱਟ ਹੈ ਤੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਆਰਤੀ ਦਾ ਮਕਾਨ ਸੰਘਣੀ ਅਬਾ ਹੈ ਅਤੇ ਇਸਦੇ ਮੁਹੱਲੇ ਦੇ ਸਾਰੇ ਲੋਕ ਕਾਰੀਗਰ ਤੇ ਨੌਕਰੀ ਪੇਸ਼ਾ ਹਨ। ਹਰਮਨ ਤੇ ਬਲਜੀਤ ਆਪਸ ਵਿੱਚ ਰਿਸ਼ਤੇਦਾਰ ਹਨ ਤੇ ਰਾਜੂ ਦੱਸਦਾ ਹੈ ਕਿ ਉਸਦਾ ਘਰ ਹਰਮਨ ਦੇ ਘਰ ਦੇ ਬਿਲਕੁਲ ਨਾਲ ਹੈ। ਬਲਜੀਤ ਦੇ ਪਿਤਾ ਜੀ ਇੱਕ ਗੈਰ ਸਰਕਾਰੀ ਸੰਸਥਾ ਚਲਾਉਂਦੇ ਹਨ ਜੋ ਬਜ਼ੁਰਗ ਲੋਕਾਂ ਦੀ ਦੇਖਭਾਲ ਕਰਦੀ ਹੈ। ਰਾਜੂ ਦਾ ਪਿਤਾ ਲੋਕਾਂ ਦੇ ਮੰਜੇ ਆਦਿ ਠੀਕ ਕਰਦਾ ਹੈ ਤੇ ਨਕਦ ਮਿਹਨਤਾਂ ਨਾ ਨਹੀਂ ਲੈਂਦਾ, ਸਗੋਂ ਫ਼ਸਲ ਆਉਣ ਤੇ ਲੋਕ ਉਸਨੂੰ ਅਨਾਜ ਤੇ ਵਰਤੋਂ ਦੀਆਂ ਹੋਰ ਵਸਤੂਆਂ ਦੇ ਦਿੰਦੇ ਹਨ। ਆਰਤੀ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਲੋਕਾਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਤੇ ਆਪ ਵੀ ਪਹਿਲੀ ਵਾਰ ਵੋਟ ਪਾਈ ਸੀ ।

1. ਚਾਰ ਸਾਥੀਆਂ ਵਿੱਚੋਂ ਇੱਕ ਕਿਹੜਾ ਹੈ ਜਿਸ ਦੀ ਉਮਰ 18 ਸਾਲ ਤੋਂ ਵੱਧ ਹੈ?
2. ਚਾਰ ਸਾਥੀਆਂ ਵਿੱਚੋਂ ਕਿਹੜੇ ਦੋ ਪਿੰਡ ਵਿੱਚ ਰਹਿੰਦੇ ਹਨ?
3. ਉਪਰੋਕਤ ਪੈਰੇ ਵਿੱਚ ਜਜਮਨੀ ਵਿਵਸਥਾ ਦਾ ਅੰਗ ਉਦਾਹਰਣ ਕੌਣ ਹੈ?
4. ਇਹਨਾਂ ਵਿੱਚੋਂ ਸ਼ਹਿਰ ਵਿੱਚ ਰਹਿਣ ਵਾਲਾ ਕੌਣ ਹੋ ਸਕਦਾ ਹੈ?
5. NGO ਨਾਲ ਕੌਣ ਸਬੰਧਤ ਹੈ?

6. ਆਰਤੀ ਪਿੰਡ ਦੀ ਰਹਿਣ ਵਾਲੀ ਹੈ। (ਠੀਕ/ਗ਼ਲਤ)

**ਭਾਗ (ਸ)**

**4. ਹਰ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦੇਣਾ ਹੈ।** **(6x4=24ਅੰਕ)**

1. " ਔਰਤਾਂ ਪੈਦਾ ਨਹੀਂ ਹੁੰਦੀਆਂ, ਉਹ ਬਣਾਈਆਂ ਜਾਂਦੀਆਂ ਹਨ "।ਟਿੱਪਣੀ ਕਰੋ।
2. " ਬਹੁਤ ਸਾਰੇ ਲੋਕ ਨਸ਼ੇ ਲੈਂਦੇ ਹਨ ਕਿਉਂਕਿ ਉਨ੍ਹਾਂ ਦਾ ਕੰਮ ਵਾਲੀ ਥਾਂ ਜਾਂ ਪੇਸ਼ਾ ਉਨ੍ਹਾਂ ਨੂੰ ਪੂਰੀ ਤਰ੍ਹਾਂ ਥੱਕਾ ਦਿੰਦਾਹੈ"। ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਆਪਣੇ ਜਵਾਬ ਨੂੰ ਜਾਇਜ਼ ਠਹਿਰਾਓ ।
3. ਘਰੇਲੂ ਸ਼ੋਸ਼ਣ ਇੱਕ ਨਿੱਜੀ ਪਰਿਵਾਰਕ ਮਾਮਲਾ ਹੈ, ਸਮਾਜਿਕ ਮੁੱਦਾ ਨਹੀਂ। ਇਸ ਨੂੰ ਆਪਣੇ ਢੁਕਵੇਂ ਨੁਕਤਿਆਂ ਨਾਲ ਸਾਬਤ ਕਰੋ।
4. ਵਿਲੱਖਣ ਸਮਰਥਾਂ ਵਾਲੇ ਵਿਅਕਤੀਆਂ ਨੂੰ ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।
5. ਵਿਸ਼ਵੀਕਰਨ ਉੱਤੇ ਵਿਸਤ੍ਰਿਤ ਟਿੱਪਣੀ ਕਰੋ।
6. ਹਰੀ ਕ੍ਰਾਂਤੀ ਦੇ ਸਕਾਰਾਤਮਕ ਅਤੇ ਨਕਾਰਾਤਮਕ ਪੱਖ ਲਿਖੋ।
7. ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਭਾਰਤੀ ਇਸਤਰੀਆਂ ਦੀ ਸਥਿਤੀ ਵਿੱਚ ਆਏ ਅੰਤਰ ਨੂੰ ਸਪਸ਼ਟ ਕਰੋ।
8. ਕਬਾਇਲੀ ਸਮਾਜ ਵਿੱਚ ਹੋਏ ਸਮਾਜਿਕ ਪਰਿਵਰਤਨਾਂ ਬਾਰੇ ਆਪਣੇ ਵਿਚਾਰ ਸਾਂਝੇ ਕਰੋ।
9. ਸ਼ਰਾਬਖੋਰੀ ਦੇ ਹਾਨੀਕਾਰਕ ਪ੍ਰਭਾਵਾਂ ਦਾ ਵਰਣਨ ਕਰੋ।

**(ਭਾਗ ਹ)**

**5. ਹਰ ਪ੍ਰਸ਼ਨ ਦਾ ਉੱਤਰ 125-150ਸ਼ਬਦਾਂ ਵਿੱਚ ਦੇਣਾ ਹੈ।** **(4 x 6 =24 ਅੰਕ)**

1. ਝੁੱਗੀ ਝੋਂਪੜੀ ਬਸਤੀ ਕਿਸ ਨੂੰ ਕਹਿੰਦੇ ਹਨ ਘਰਾਂ ਦੀਆਂ ਸਮੱਸਿਆਵਾਂ ਦੇ ਤਿੰਨ ਪ੍ਰਮੁੱਖ ਕਾਰਨ ਦੱਸੋ।
2. ਭਾਰਤ ਵਿੱਚ ਇਸਤਰੀਆਂ ਦੇ ਵਿਰੁੱਧ ਹਿੰਸਾ ਤੇ ਸੰਖੇਪ ਨੋਟ ਲਿਖੋ।
3. ਸਮਾਜਿਕ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ ਇਸ ਦੀਆਂ ਕਿਸਮਾਂ ਕਿਹੜੀਆਂ ਹਨ ਦੱਸੋ।
4. ਕਿਸੇ ਵੀ ਚੰਗੇ ਦੀ ਸਾਰੀ ਪੇਂਡੂ ਸਮਾਜ ਵਿੱਚ ਆਉਣ ਵਾਲੇ ਬਦਲਾਵ ਸਬੰਧੀ ਚਰਚਾ ਕਰੋ।
5. ਪੱਛਮੀਕਰਨ ਇੱਕ ਪ੍ਰਕਿਰਿਆ ਹੈ ਇਸ ਦਾ ਭਾਰਤ ਸਮਾਜ ਉੱਪਰ ਕੀ ਪ੍ਰਭਾਵ ਪਿਆ ਹੈ। ਵਿਸਥਾਰ ਸਹਿਤ ਲਿਖੋ।
6. ਪ੍ਰਬਲ ਜਾਤੀ ਤੋਂ ਤੁਸੀਂ ਕੀ ਸਮਝਦੇ ਹੋ?